## ਰੇਡੀਓ ਲੜੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ

## ਕੜੀ-19, ਜਲ ਸਾਖਰਤਾ **( Water Literacy )**

**ਖੋਜ ਤੇ ਲੇਖਣ: ਅਭੈ ਐਸ. ਡੀ. ਰਾਜਪੂਤ**

**ਪੰਜਾਬੀ ਰੁਪਾਂਤਰਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ**

(In this episode listeners will know about the importance of water and availability pure water. Our listeners will also learn about the traditional methods of water purification. The challenges that people are facing? They will also listen some success stories and examples on the work that is going on water awareness and water conservation in our country.)

(ਇਸ ਕੜੀ ਵਿਚ ਸ੍ਰੋਤਾ ਪੀਣ ਵਾਲੇ ਪਾਣੀ ਦੀ ਉਪਲਬਤਾ ਅਤੇ ਜਲ ਸਾਖਰਤਾ ਨੂੰ ਸਮਝ ਸਕਣਗੇ। ਇਸ ਕੜੀ ਵਿਚ ਅਸੀਂ ਸਫਾਈ ਵਿਵਸਥਾ ਵਿਚ ਸੁਧਾਰ ਦੀ ਗੱਲ ਵੀ ਕਰਾਂਗੇ। ਇਸ ਵਿਚ ਅਸੀਂ ਪਾਣੀ ਦੀ ਸਫਾਈ ਦੀ ਲੋੜ ਅਤੇ ਪਾਣੀ ਨੂੰ ਸਾਫ ਕਰਨ ਦੇ ਪਰੰਪਰਾਗਤ ਤਰੀਕਿਆਂ ਦੀ ਵੀ ਗੱਲ ਕਰਾਂਗੇ। ਇਸ ਤੋਂ ਬਿਨਾਂ ਪਾਣੀ ਦੀ ਸਫਾਈ ਅਤੇ ਸਵੱਛਤਾ ਨਾਲ ਸਬੰਧਤ ਚੁਣੌਤੀਆਂ ਉੱਤੇ ਵੀ ਚਰਚਾ ਕੀਤੀ ਜਾਵੇਗੀ । ਦੇਸ਼ ਭਰ ਵਿਚੋਂ ਕੁਝ ਅਜਿਹੇ ਚੋਣਵੇਂ ਉਦਾਹਰਣ ਲਏ ਜਾਣਗੇ ਜਿੱਥੇ ਜਲ ਸਾਖਰਤਾ ਦੇ ਮਾਧਿਅਮ ਨਾਲ ਜਲ ਸੁਰੱਖਿਅਣ ਦੇ ਉਦੇਸ਼ ਨੂੰ ਪ੍ਰਾਪਤ ਕੀਤਾ ਜਾਣਾ ਸੰਭਵ ਹੋ ਸਕਿਆ ਹੈ।)

**ਪਾਤਰ**

**ਇਸਤਰੀ ਸੂਤਰਧਾਰ**

**ਪੁਰਸ਼ ਸੂਤਰਧਾਰ**

**ਸੋਮੇਸ਼:ਪਾਪਾ (ਪੱਤਰਕਾਰ ਹਨ)**

**ਵਸੁਧਾ: ਮਾਂ (ਇੱਕ ਕੰਪਨੀ ਵਿਚ ਕੰਮ ਕਰਦੇ ਹਨ)**

**ਅੰਮ੍ਰਿਤਪਾਲ: ਬੇਟੀ**

**ਰੋਹਿਤ: ਬੇਟਾ**

**ਵਸੀਮ: ਸੋਮੇਸ਼ ਦੇ ਦੋਸਤ ਅਤੇ ਇਕ ਐਨ.ਜੀ.ਓ. ਦੇ ਮੈਂਬਰ। ਜਿਹੜੇ ਪੀਣ ਵਾਲੇ ਪਾਣੀ ਦੀ ਸ਼ੁੱਧਤਾ ਦੇ ਬਾਰੇ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ।**

**<u>ਸੁਰੂਆਤੀ ਐਲਾਨ</u>**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

**ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ......**

(ਸੰਗੀਤ…)

**ਐਲਾਨ**: ਇਹ ਆਲ ਇੰਡੀਆ ਰੇਡਿਓ ਹੈ।ਸਾਡੇ ਵਿਗਿਆਨ ਲੜੀਵਾਰ "**ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ**" ਦੀਆਂ ਅਠਾਰਾਂ ਕੜੀਆਂ ਰਾਹੀਂ ਅਸੀਂ ਮੋਜੂਦਾ ਵਿਕਾਸ ਮਾਡਲ ਅਤੇ ਉਪਭੋਗਤਾਵਾਦ ਜੀਵਣ ਸ਼ੈਲੀ ਕਾਰਨ ਦਰਪੇਸ਼ ਖਤਰਿਆਂ ਬਾਬਤ ਪੇਸ਼ਕਾਰੀਆਂ ਕਰ ਚੁੱਕੇ ਹਾਂ! ਅੱਜ ਇਸ ਕੜੀ ਵਿੱਚ ਅਸੀਂ ਆਪਣੇ ਸ੍ਰੋਤਿਆਂ ਦੇ ਰੂਬਰੂ ਹੋ ਰਹੇ ਹਾਂ "**ਟਿਕਾਊ ਵਿਕਾਸ**" ਦੇ ਇੱਕ ਹੋਰ ਮਹੱਤਵਪੂਰਨ ਪਹਿਲੂ ਨੂੰ ਲੈ ਕੇ ਜਿਸ ਵਿੱਚ ਅਸੀਂ ਕਰਾਂਗੇ ਪੇਸ਼ਕਾਰੀ ਜਲ ਸਾਖਰਤਾ ਦੇ ਵੱਖ-ਵੱਖ ਪਹਿਲੂਆਂ ਬਾਬਤ !

**ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ**: ਵਿਗਿਆਨ ਲੜੀਵਾਰ "**ਚਲਦੀ ਰਹੇ ਇਹ ਜ਼ਿੰਦਗੀ**" ਦੀ ਅੱਜ ਪੇਸ਼ ਕੀਤੀ ਜਾ ਰਹੀ ਇਸ ਉਨ੍ਹੀਵੀਂ ਕੜੀ ਵਿੱਚ ਸ੍ਰੋਤਿਆਂ ਦਾ ਨਿਘਾ ਸੁਆਗਤ ਹੈ । ਜੀ ਆਇਆਂ ਨੂੰ !

**ਮਰਦ ਸੂਤਰਧਾਰ**: ਪਿਛਲੀ ਕੜੀ ਵਿੱਚ ਅਸੀਂ ਸੁਣ ਲਿਆ ਹੈ ਕਿ ਪੀਣ ਲਈ ਸਾਫ ਪਾਣੀ ਦੀ ਸਾਡੇ ਜੀਵਣ ਵਿੱਚ ਕੀ ਮਹੱਤਤਾ ਹੈ !

**ਔਰਤ ਸੂਤਰਧਾਰ**: ਸੁਣ ਚੁੱਕੇ ਹਾਂ ਕਹਾਣੀ ਕਿ ਧਰਤੀ ਉੱਤੇ ਪਾਣੀ ਕਿਉਂ ਹੁੰਦਾ ਹੈ ਮਲੀਨ ?

**ਮਰਦ ਸੂਤਰਧਾਰ**: ਸੁਣਾ ਦਿੱਤੀ ਸੀ ਵਾਰਤਾ ਕਿ ਧਰਤੀਦੇ ਉਰਲੇ ਤੇ ਧਰਤੀ ਦੇ ਹੇਠਲੇ ਜਲ ਸ੍ਰੋਤਾਂ ਨੂੰ ਪ੍ਰਦੂਸ਼ਿਤ ਕਰਨ ਵਾਲੇ ਕਿਹੜੇ-ਕਿਹੜੇ ਨੇ ਸ੍ਰੋਤ ?

**ਔਰਤ ਸੂਤਰਧਾਰ**: ਦੱਸ ਦਿੱਤਾ ਸੀ ਕਿ ਇਸ ਧਰਤੀ 'ਤੇ ਉਦਯੋਗ, ਖੇਤੀਬਾੜੀ ਤੇ ਘਰੇਲੂ ਗੰਦ ਮੰਦ ਰਾਹੀਂ ਕਿਹੜੀਆਂ ਨੇ ਮਲੀਨਤਾਵਾਂ ਜੋ ਮਿਲ ਜਾਂਦੀਆਂ ਨੇ ਪਾਣੀ ਦੇ ਵਿੱਚ ਤੇ ਕਰ ਦਿੰਦੀਆਂ ਨੇ ਇਸ ਪਵਿਤਰ ਜਲ ਨੂੰ ਪ੍ਰਦੂਸ਼ਿਤ!

**ਮਰਦ ਸੂਤਰਧਾਰ**: ਸੁਣ ਚੁਕੇ ਹਾਂ ਕਿ ਕਿਹੜੀਆਂ ਕਿਹੜੀਆਂ ਨੇ ਹੈਜੇ , ਦਸਤ, ਮਲ੍ਹਪ, ਹੈਪੇਟਾਈਟਸ, ਪੋਲਿਓ , ਟਾਈਫਾਈਡ ਵਰਗੀਆਂ ਬਿਮਾਰੀਆਂ ਕਿਵੇਂ ਫੈਲਦੀਆਂ ਨੇ ਪ੍ਰਦੂਸ਼ਿਤ ਪਾਣੀ ਰਾਹੀਂ ?

**ਔਰਤ ਸੂਤਰਧਾਰ**: ਸੁਣਾਈ ਸੀ ਕਹਾਣੀ ਕਿ ਕਿਵੇਂ ਗੰਦ ਮੰਦ ਰਾਹੀਂ ਮਿਲੀਆਂ ਭਾਰੀ ਧਾਤਾਂ ਦੇ ਪ੍ਰਦੂਸ਼ਣ ਕਾਰਨ ਪੈਦਾ ਹੁੰਦੇ ਨੇ ਰੋਗ ?

**ਮਰਦ ਸੂਤਰਧਾਰ**:ਗੱਲ ਕੀਤੀ ਸੀ ਪਾਣੀ ਨੂੰ ਸਾਫ ਕਰਨ ਦੀਆਂ ਸਾਡੀਆਂ ਰਵਾਇਤੀ ਵਿਧੀਆਂ ਦੀ ਵੀ !!

**ਔਰਤ ਸੂਤਰਧਾਰ**: ਗੱਲ ਤਾਂ ਇਹ ਵੀ ਹੋਈ ਸੀ ਕਿ ਆਰ ਓ ਰਾਹੀਂ ਪਾਣੀ ਵਿੱਚੋਂ ਨਿੱਕਲ ਜਾਂਦੇ ਨੇ ਜਰੂਰੀ ਤੱਤ ਵੀ ਜਿਹੜੇ ਸਾਡੇ ਲਈ ਬੜੀ ਹੀ ਘੱਟ ਮਾਤਰਾ ਵਿੱਚ ਲੋੜੀਂਦੇ ਹਨ ਜਿਸ ਕਰਕੇ ਬਿਨਾ ਲੋੜ ਆਰ ਓ ਪਾਣੀ ਪੀਣਾ ਨਹੀਂ ਹੈ ਠੀਕ !

**ਮਰਦ ਸੂਤਰਧਾਰ**:ਦੱਸਿਆ ਸੀ ਕਿ ਪੀਣਯੋਗ ਪਾਣੀ ਦੇ ਕਿਹੜੇ ਨੇ ਮੁੱਖ ਘਟਕ ਤੇ ਮਾਪ-ਦੰਡ ਜਿਹੜੇ ਨਿਰਧਾਰਤ ਕੀਤੇ ਨੇ ਭਾਰਤੀ ਮਾਨਕ ਬਿਉਰੋ ਨੇ ਪੀਣ ਵਾਲੇ ਪਾਣੀ ਦੇ ਵਾਸਤੇ !

**ਔਰਤ ਸੂਤਰਧਾਰ:** ਸੁਣ ਲਿਆ ਸੀ ਤੁਸੀਂ ਕਿ ਦਰਿਆਵਾਂ ਤੇ ਪਾਣੀ ਦੇ ਹੋਰ ਸ੍ਰੋਤਾਂ ਦੇ ਪਾਣੀ ਦੀ ਗੁਣਵਤਾ ਮਾਪੀ ਜਾਂਦੀ ਹੈ ਬੀ.ਓ.ਡੀ., ਸੀ.ਓ.ਡੀ., ਡੀ. ਓ.( ਘੁਲੀ ਹੋਈ ਆਕਸੀਜਨ ) ਤੇ ਕੋਲੀਫਾਰਮ ਜੀਵਾਣੂਆਂ ਦੀ ਤਦਾਦ ਨਾਲ !

**ਮਰਦ ਸੂਤਰਧਾਰ:** ਇਹ ਵੀ ਤਾਂ ਕੀਤੀ ਸੀ ਗੱਲ ਕਿ ਇਸ ਮਾਮਲੇ ਵਿੱਚ ਸਾਡੇ ਦਰਿਆਵਾਂ ਸਤਲੁਜ ਤੇ ਬਿਆਸ ਦਾ ਪਾਣੀ ਹੋ ਗਿਆ ਮਲੀਨ ਅਤੇ ਘੱਗਰ ਦਾ ਤਾਂ ਸਿਰੇ ਤੋਂ ਸਿਰੇ ਤੱਕ ਹੀ ਹੈ ਮਲੀਨ !

**ਔਰਤ ਸੂਤਰਧਾਰ:** ਸੁਣਾਈ ਸੀ ਵਾਰਤਾ ਕਿ ਪਾਣੀ ਦੇ ਸਤਹੀ ਤਨਾਅ ਕਰਕੇ ਤੁਰਦੇ ਰਹਿੰਦੇ ਨੇ ਕੀਟ ਪਤੰਗ ਇਸਦੇ ਉਪਰ।

**ਮਰਦ ਸੂਤਰਧਾਰ:** ਗੱਲ ਹੋਈ ਸੀ ਕਿ ਸਯੁੰਕਤ ਰਾਸਟਰ ਸੰਘ ਨੇ ਟਿਕਾਊ ਵਿਕਾਸ ਦੇ ਜੋ ਰਖੇ ਨੇ ਟੀਚੇ 2030 ਤੱਕ ਉਨਹਾਂ ਵਿੱਚ ਸ਼ਾਮਲ ਨੇ ਪਾਣੀ ਬਾਬਤ ਟੀਚੇ ਵੀ । ਪਾਣੀ ਸਬੰਧੀ ਇਹ ਟੀਚੇ ਨੇ, ਸੱਭ ਨੂੰ ਸਾਫ ਪੀਣਯੋਗ ਪਾਣੀ ਉਪਲਬਧ ਕਰਵਾਉਣ ਦੇ ਤੇ ਪਾਣੀ ਰਾਹੀਂ ਹੋਣ ਵਾਲੀਆਂ ਬਿਮਾਰੀਆਂ ਤੇ ਕਾਬੂ ਪਾਉਣ ਦੇ ।

**ਔਰਤ ਸੂਤਰਧਾਰ:** ਅੱਜ ਦੀ ਇਸ ਕੜੀ ਵਿੱਚ ਸੁਣਾਵਾਂਗੇ ਬ੍ਰਿਤਾਂਤ ਇਸੇ ਪਾਣੀ ਦੀ ਮਲੀਨਤਾ ਦਾ ਤੇ ਇਸਦੇ ਵੱਖ-ਵੱਖ ਪਹਿਲੂਆਂ ਦਾ !

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਸਾਡੇ ਸ੍ਰੋਤਿਆਂ ਕੋਲ ਪੇਸ਼ ਹੈ, ਵਿਗਿਆਨ ਲੜੀਵਾਰ **ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ**" ਦੀ ਉਨੀਵੀਂ ਕੜੀ , "**ਜਲ ਸਾਖਰਤਾ**" ਇਉਂ ਕਰਦੇ ਨੇ ਪੇਸ਼ ਸਾਡੇ ਕਲਾਕਾਰ !

**(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

………………**ਕੜੀ ਦਾ ਸੰਗੀਤ** …………

**ਦ੍ਰਿਸ਼ -ਪਹਿਲਾ**

**(ਘਰ ਦਾ ਦ੍ਰਿਸ਼, ਸਾਰੇ ਬੈਠ ਕੇ ਗੱਲਾਂ ਕਰ ਰਹੇ ਹਨ)**

**ਵਸੁਧਾ:** ਕੀ ਗੱਲ ਹੈ ਅੰਮ੍ਰਿਤਪਾਲ, ਅੱਜ ਰੋਹਿਤ ਬਹੁਤ ਖੁਸ਼ ਨਜ਼ਰ ਆ ਰਿਹਾ ਹੈ।

**ਅੰਮ੍ਰਿਤਪਾਲ:** ਹਾਂ ਮੰਮੀ, ਅੱਜ ਤਾਂ ਖੁਸ਼ੀ ਦੇ ਮਾਰੇ ਉਸ ਦੇ ਪੈਰ ਧਰਤੀ 'ਤੇ ਨਹੀਂ ਲੱਗ ਰਹੇ।

**ਸੋਮੇਸ਼:** ਪਰ ਇਹ ਐਨਾ ਖੁਸ਼ ਕਿਉ ਹੋ ਰਿਹਾ ਹੈ? ਰੋਹਿਤ ਸਾਨੂੰ ਵੀ ਤਾਂ ਦੱਸ, ਅਸੀਂ ਵੀ ਤੇਰੀ ਖੁਸ਼ੀ ਵਿੱਚ ਸ਼ਾਮਲ ਹੋ ਜਾਈਏ।

**ਰੋਹਿਤ:** ਪਾਪਾ, ਤੁਹਾਨੂੰ ਯਾਦ ਹੈ ਨਾ ਪਿਛਲੇ ਹਫਤੇ ਮੈ ਸਕੂਲ ਵਿੱਚ ਪੀਣ ਵਾਲੇ ਪਾਣੀ 'ਤੇ ਇੱਕ ਪ੍ਰਾਜੈਕਟ ਬਣਾਇਆ ਸੀ। ਉਸ ਨੂੰ ਪਹਿਲੇ ਦਸ (ਟੌਪ ਟੈੱਨ ) ਵਿੱਚ ਸ਼ਾਮਲ ਕੀਤਾ ਗਿਆ ਹੈ।

**ਵਸੁਧਾ:** ਸਾਬਾਸ਼ ਬੇਟਾ !

**ਅੰਮ੍ਰਿਤਪਾਲ:** ਵਧਾਈ ਮੇਰੇ ਪਿਆਰੇ ਭਾਈ ਨੂੰ ਭੈਣ ਵੱਲੋਂ ਵੀ !

**ਸੋਮੇਸ਼:** ਵੈਸੇ ਰੋਹਿਤ ਬੇਟਾ, ਇਸਦਾ ਸਿਹਰਾ ਤੇਰੇ ਵਸੀਮ ਅੰਕਲ ਨੂੰ ਵੀ ਦੇਣਾ ਚਾਹੀਦਾ ਹੈ ਜਿਨ੍ਹਾਂ ਨੇ ਉਸ ਦਿਨ ਜਲ ਪ੍ਰਦਰਸ਼ਨੀ ਵਿੱਚ ਬਹੁਤ ਚੰਗੀ ਤਰ੍ਹਾਂ ਗੱਲਾਂ ਸਮਝਾਈਆਂ ਸਨ।

**ਰੋਹਿਤ:** ਪਾਪਾ, ਸਭ ਤੋਂ ਪਹਿਲਾਂ ਮੈਂ ਉਨ੍ਹਾਂ ਨੂੰ ਹੀ ਦੱਸਿਆ ਹੈ। ਆਖਿਰ ਉਨ੍ਹਾਂ ਦੇ ਬਿਨਾਂ ਮੇਰਾ ਪ੍ਰਾਜੈਕਟ ਐਨਾ ਵਧੀਆ ਥੋੜ੍ਹੇ ਬਣਦਾ।

**ਸੋਮੇਸ਼:** ਬਈ ਇਸ ਗੱਲ 'ਤੇ ਤਾਂ ਅੱਜ ਸ਼ਾਮ ਨੂੰ ਵਿਸ਼ੇਸ਼ ਪ੍ਰੀਤੀ ਭੋਜਨ (ਸਪੈਸ਼ਲ ਡਿਨਰ) ਹੋਣਾ ਚਾਹੀਦਾ ਹੈ।

**ਅੰਮ੍ਰਿਤਪਾਲ:** ਹਾਂ ਪਾਪਾ, ਪਰ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸਵੀਟ ਡਿਸ਼ ਤੁਸੀਂ ਹੀ ਬਣਾਓਗੇ।

**ਸੋਮੇਸ਼:** ਹਾਂ...... ਹਾਂ ! ਕਿਉਂ ਨਹੀਂ ?

**ਵਸੁਧਾ:** ਵੈਸੇ, ਕਿਉਂ ਨਾ ਅੱਜ ਸ਼ਾਮ ਨੂੰ ਖਾਣੇ ਲਈ ਵਸੀਮ ਭਾਈ ਸਾਹਬ ਨੂੰ ਵੀ ਬੁਲਾ ਲਈਏ। ਕਾਫੀ ਦਿਨ ਹੋ ਗਏ ਹਨ ਉਨ੍ਹਾਂ ਨੂੰ ਘਰ ਆਏ।

**ਰੋਹਿਤ:** ਵਾਹ ! ਕਿਆ ਬਾਤ ਹੈ ! ਮੇਰਾ ਕੰਮ ਵੀ ਆਸਾਨ ਹੋ ਜਾਏਗਾ।

**ਅੰਮ੍ਰਿਤਪਾਲ:** ਕਿਹੜਾ ਕੰਮ ਰੋਹਿਤ?

**ਰੋਹਿਤ:** ਅੱਜ ਸਾਡੇ ਸਕੂਲ ਵਿਚ ਇਕ ਨੋਟਿਸ ਲੱਗਿਆ ਹੋਇਆ ਸੀ ਜਿਸ ਵਿਚ ਲਿਖਿਆ ਸੀ ਕਿ ਪੀਣ ਵਾਲੇ ਪਾਣੀ ਦੀ ਸਫਾਈ ਤੇ ਸੁਰੱਖਿਅਣ ਮੁਹਿੰਮ ਬਾਬਤ ਇਕ ਜ਼ਿਲ੍ਹਾ ਪੱਧਰੀ ਲੇਖ ਮੁਕਾਬਲਾ ਕੀਤਾ ਜਾ ਰਿਹਾ ਹੈ ।

**ਵਸੁਧਾ:** ਤਾਂ ਤੂੰ ਉਸ ਨਿਬੰਧ ਪ੍ਰਤੀਯੋਗਿਤਾ ( ਲੇਖ ਮੁਕਾਬਲੇ ) ਵਿਚ ਭਾਗ ਲੈਣ ਬਾਰੇ ਸੋਚ ਰਿਹਾ ਹੈਂ ?

**ਅੰਮ੍ਰਿਤਪਾਲ:** ਅੱਛਾ ! ਤਾਂਹੀਓ ਤੂੰ ਵਸੀਮ ਅੰਕਲ ਦਾ ਨਾਮ ਸੁਣ ਕੇ ਖੁਸ਼ ਹੋ ਗਿਆ। ਇਸ ਨੂੰ ਬਿਨਾ ਮਿਹਨਤ ਇਸ ਵਿਸ਼ੇ 'ਤੇ ਕਾਫੀ ਸਾਰੀ ਮਹੱਤਵਪੂਰਨ ਜਾਣਕਾਰੀ ਉਨ੍ਹਾਂ ਤੋਂ ਮਿਲ ਜਾਵੇਗੀ।

**ਰੋਹਿਤ:** ਨਹੀਂ ਦੀਦੀ, ਅਜਿਹਾ ਨਹੀਂ ਹੈ, ਮੈਂ ਖੁਦ ਵੀ ਮਿਹਨਤ ਕਰਦਾ ਹਾਂ ! ਮੈਂ ਲਾਇਬ੍ਰੇਰੀ ਤੋਂ ਇਸ ਵਿਸ਼ੇ ਨਾਲ ਸਬੰਧਿਤ ਕਿਤਾਬਾਂ ਵੀ ਲਿਆਇਆ ਹਾਂ। ਪਰ ਵਸੀਮ ਅੰਕਲ ਦੇ ਸਮਝਾਉਣ ਦਾ ਤਰੀਕਾ ਮੈਨੂੰ ਬਹੁਤ ਚੰਗਾ ਤੇ ਆਸਾਨ ਲੱਗਦਾ ਹੈ।

**ਸੋਮੇਸ਼:** ਫਿਰ ਤਾਂ ਰੋਹਿਤ ਲਈ ਵਸੀਮ ਨੂੰ ਬੁਲਾਉਣਾ ਹੀ ਪਵੇਗਾ। ਵੈਸੇ ਉਸ ਨੂੰ ਵੀ ਬੱਚਿਆਂ ਨਾਲ ਗੱਲ ਕਰਨ ਦਾ ਕਾਫੀ ਸ਼ੌਕ ਹੈ। ਹੁਣੇ ਫੋਨ ਕਰ ਕੇ ਉਸ ਨੂੰ ਦੱਸ ਦਿੰਦਾ ਹਾਂ ਕਿ ਸ਼ਾਮ ਨੂੰ ਡਿਨਰ ਇਥੇ ਹੀ ਕਰਨਾ।

**ਦ੍ਰਿਸ ਪਰਿਵਰਤਨ ਦਾ ਸੰਗੀਤ**

**ਦ੍ਰਿਸ਼-2**

(ਡੋਰ ਬੈੱਲ ਵੱਜਣ ਦੀ ਆਵਾਜ਼)

**ਵਸੁਧਾ:** ਲੱਗਦਾ ਹੈ ਵਸੀਮ ਭਾਈ ਸਾਹਬ ਆ ਗਏ।

**ਸੋਮੇਸ਼:** ਦੇਖਦਾ ਹਾਂ (ਦਰਵਾਜ਼ਾ ਖੋਲ੍ਹਣ ਦੀ ਆਵਾਜ਼)

**ਵਸੀਮ:** ਕਿਵੇਂ ਹੋ ਸੋਮੇਸ਼ ?

**ਸੋਮੇਸ਼:** ਠੀਕ ਹੈ, ਬਸ ਤੁਹਾਡਾ ਹੀ ਇੰਤਜ਼ਾਰ ਕਰ ਰਹੇ ਸੀ। ਆਓ !

**ਵਸੁਧਾ:** ਨਮਸਤੇ ਭਾਈ ਸਾਹਬ।

**ਵਸੀਮ:** ਨਮਸਤੇ ਭਾਬੀ ਜੀ ! ਅੰਮ੍ਰਿਤਪਾਲ, ਰੋਹਿਤ! ਠੀਕ ਹੋ।

**ਅੰਮ੍ਰਿਤਪਾਲ ਅਤੇ ਰੋਹਿਤ** (ਇਕੱਠੇ ਹੀ): ਹਾਂ ਅੰਕਲ !

**ਵਸੀਮ:** ਸੋਮੇਸ਼, ਰੋਹਿਤ ਤਾਂ ਬਹੁਤ ਹੁਸ਼ਿਆਰ ਹੈ, ਸਵੇਰੇ ਇਸ ਨੇ ਫੋਨ ਕਰ ਕੇ ਦੱਸਿਆ ਸੀ ਕਿ ਇਸਦਾ ਪ੍ਰਾਜੈਕਟ ਪਹਿਲੇ ਦਸ (ਟੌਪ ਟੈਂਨ ) ਵਿਚ ਆ ਗਿਆ ਹੈ।

**ਸੋਮੇਸ਼:** ਬਈ, ਅਜਕਲ੍ਹ ਦੇ ਬੱਚੇ ਤਾਂ ਸਾਡੇ ਨਾਲੋਂ ਕਿਤੇ ਅੱਗੇ ਨੇ ! ਵੈਸੇ ਇਹ ਤਾਂ ਇਸਦਾ ਸਿਹਰਾ ਤੈਨੂੰ ਦੇ ਰਿਹਾ ਹੈ।

**ਰੋਹਿਤ:** ਹਾਂ ਅੰਕਲ, ਉਸ ਦਿਨ ਤੁਸੀਂ ਮੈਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਪੀਣ ਵਾਲੇ ਪਾਣੀ ਦੀ ਸ਼ੁੱਧਤਾ ਬਾਰੇ ਸਮਝਾਇਆ ਸੀ ਤੇ ਬਹੁਤ ਮਹੱਤਵਪੂਰਨ ਜਾਣਕਾਰੀ ਦਿੱਤੀ ਸੀ ।ਬੱਸ ਇਸੇ ਜਾਣਕਾਰੀ ਦੇ ਆਧਾਰ ’ਤੇ ਹੀ ਮੈਂ ਆਪਣਾ ਪ੍ਰਾਜੈਕਟ ਚੰਗੀ ਤਰ੍ਹਾਂ ਬਣਾ ਪਾਇਆ। ਧੰਨਵਾਦ ਅੰਕਲ !

**ਵਸੀਮ:** ਰੋਹਿਤ, ਸਾਡਾ ਤਾਂ ਕੰਮ ਹੀ ਹੈ ਸਭ ਨੂੰ ਪਾਣੀ ਨਾਲ ਜੁੜੀਆਂ ਗੱਲਾਂ ਬਾਰੇ ਦੱਸਣਾ। ਬੱਚਿਆਂ ’ਤੇ ਤਾਂ ਸਾਡਾ ਵਿਸ਼ੇਸ਼ ਧਿਆਨ ਹੁੰਦਾ ਹੈ ਕਿਉਂਕਿ ਆਉਣ ਵਾਲੇ ਸਮੇਂ ਵਿਚ ਤੁਹਾਡੇ ਲੋਕਾਂ ਦੇ ਹੱਥਾਂ ਵਿਚ ਹੀ ਦੇਸ਼ ਦਾ ਭਵਿੱਖ ਹੋਵੇਗਾ ਤੇ ਪਾਣੀ ਬਚਾਉਣ ਦੀ ਜ਼ਿੰਮੇਵਾਰੀ ਵੀ ਤੁਸੀਂ ਹੀ ਸੰਭਾਲੋਗੇ !

**ਅੰਮ੍ਰਿਤਪਾਲ:** ਅੰਕਲ ! ਵੈਸੇ ਤਾਂ ਅੱਜ ਵੀ ਰੋਹਿਤ ਨੇ ਤੁਹਾਡੇ ਤੋਂ ਕਈ ਗੱਲਾਂ ਦੀ ਲੈਣੀ ਹੈ ਜਾਣਕਾਰੀ ! ਉਹ ਇਸਦੇ ਕਾਲਜ ਵੱਲੋਂ ਜਲ ਸੁਰੱਖਿਅਣ ਅਤੇ ਪਾਣੀ ਸਾਫ ਕਰਨ ਬਾਬਤ ਇਕ ਲੇਖ ਪ੍ਰਤੀਯੋਗਿਤਾ ਵਿਚ ਭਾਗ ਲੈਣ ਦੀ ਤਿਆਰੀ ਕਰ ਰਿਹਾ ਹੈ।

**ਰੋਹਿਤ:** ਹਾਂ ਅੰਕਲ ! ਇਹ ਲੇਖ ਪ੍ਰਤੀਯੋਗਿਤਾ ਜ਼ਿਲ੍ਹਾ ਪੱਧਰ 'ਤੇ ਹੋ ਰਹੀ ਹੈ।

**ਵਸੀਮ:** ਰੋਹਿਤ, ਵਿਸ਼ਾ ਤਾਂ ਬਹੁਤ ਹੀ ਚੰਗਾ ਹੈ , ਇਹ ਤਾਂ ਸਾਰਿਆਂ ਲੋਕਾਂ ਨਾਲ ਜੁੜਿਆ ਹੋਇਆ ਹੈ।

**ਵਸੁਧਾ:** ਹਾਂ, ਸਾਡੇ ਔਰਤਾਂ ਲਈ ਤਾਂ ਦਿਨ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਪਾਣੀ ਭਰਨ ਤੇ ਉਸਦੀ ਸੰਬਾਲ ਕਰਨ ਨਾਲ ਹੀ ਹੁੰਦੀ ਹੈ।

**ਵਸੀਮ:** ਭਾਬੀ ਜੀ, ਅਸੀਂ ਤਾਂ ਸ਼ਹਿਰਾਂ ਵਿਚ ਰਹਿ ਰਹੇ ਹਾਂ ਜਿੱਥੇ ਟੂਟੀ ਨਾਲ ਸਿੱਧੇ ਹੀ ਪਾਣੀ ਸਾਡੇ ਘਰਾਂ ਤਕ ਆ ਜਾਂਦਾ ਹੈ। ਉਹ ਵੀ ਲੋਕ ਹਨ ਜਿਨ੍ਹਾਂ ਨੂੰ ਪੀਣ ਦਾ ਸ਼ੁੱਧ ਜਲ ਉਪਲਬਧ ਹੀ ਨਹੀਂ ! ਅੱਜ ਵੀ ਭਾਰਤ ਦੇ ਹਜ਼ਾਰਾਂ ਪਿੰਡ ਅਜਿਹੇ ਹਨ ਜਿੱਥੇ ਔਰਤਾਂ ਨੂੰ ਪਾਣੀ ਭਰਨ ਲਈ ਕਈ ਕਿਲੋਮੀਟਰ ਪੈਦਲ ਜਾਣਾ ਪੈਂਦਾ ਹੈ।

**ਰੋਹਿਤ:** ਪਾਣੀ ਦੇ ਲਈ……ਐਨੀ ਦੂਰ ਜਾਣਾ ਹੁੰਦਾ ਹੈ।

**ਅੰਮ੍ਰਿਤਪਾਲ:** ਚੰਗਾ ਹੋਇਆ ਮੰਮੀ, ਆਪਾਂ ਅਜਿਹੇ ਕਿਸੇ ਪਿੰਡ ਵਿਚ ਨਹੀਂ ਰਹਿੰਦੇ।

**ਰੋਹਿਤ:** ਪਰ ਮੈਂ ਤਾਂ ਸੁਣਿਆ ਹੈ ਕਿ ਪੰਜਾਬ ਪਿੰਡਾਂ ਵਿੱਚ ਤਾਂ ਪੀਣ ਦਾ ਪਾਣੀ ਉਲਬਧ ਕਰਵਾਉਣ ਵਾਸਤੇ ਆਰ ਓ ਪ੍ਰਣਾਲੀਆਂ ਲਗਾ ਦਿੱਤੀਆਂ ਹਨ !

**ਵਸੀਮ:** ਹਾਂ ਲਗਾਈਆਂ ਨੇ ਆਰ ਓ ਪ੍ਰਣਾਲੀਆਂ ਸੰਸਾਰ ਬੈਂਕ ਤੋਂ ਸਹਾਇਤਾ ਲੈਕੇ ! ਪਰ ਪਤਾ ਹੈ ਪਾਣੀ ਉਥੇ ਕੀ ਭਾਅ ਵਿਕਦਾ ਹੈ ?

**ਅੰਮ੍ਰਿਤਪਾਲ:** ਹੈਂ ਅੰਕਲ ! ਸਾਡੇ ਤਾਂ ਚਲੋ ਮਿਲਦਾ ਹੈ ਮੁੱਲ ਪਾਣੀ ! ਘਰ ਦੀ ਟੂਟੀ ਵਿੱਚ ਜਲ ਪੂਰਤੀ ਵਿਭਾਗ ਦਿੰਦਾ ਹੈ ਤਿੰਨ ਰੁਪਏ ਕਿਲੋ ਲੀਟਰ ਪਾਣੀ ! ਪਰ ਪਿੰਡਾਂ ਵਿੱਚ ਤਾਂ ਗਰੀਬ ਲੋਕਾਂ ਨੂੰ ਬਿਜਲੀ ਦੀ ਤਰ੍ਹਾਂ ਪਾਣੀ ਵੀ ਸਸਤਾ ਜਾਂ ਮੁਫਤ ਹੀ ਮਿਲਦਾ ਹੋਵੇਗਾ ?

**ਵਸੀਮ:** ਨਹੀਂ ! ਸੰਸਾਰ ਬੈਂਕ ਦੀ ਸ਼ਰਤ ਅਨੁਸਾਰ ਇਸਦਾ ਖਰਚਾ ਲੋਕਾਂ ਕੋਲੋਂ ਵਸੂਲਿਆ ਜਾਣਾ ਹੈ । ਇਸ ਵਾਸਤੇ ਲੋਕਾਂ ਨੂੰ ਪਾਣੀ ਵੇਚਿਆ ਜਾਂਦਾ ਹੈ 100 ( ਇੱਕ ਸੌ ) ਰੁਪਏ ਕਿੱਲੋ ਲੀਟਰ ! ਹਰ ਰੋਜ 20 ਲੀਟਰ ਦੀ ਕੇਨੀ ਆਰ. ਓ ਪਲਾਂਟ ਤੇ ਜਾ ਕੇ ਭਰਵਾ ਲਿਆਓ ਤੇ ਦਿਓ 60 ਰੁਪਏ ਮਹੀਨਾ ਇਸਦਾ ਮੁੱਲ !

**ਅੰਮ੍ਰਿਤਪਾਲ:** ਹੈਂ ਅੰਕਲ ! ਕੀ ਇਹ ਸੱਚ ਹੈ ਕਿ ਪਿੰਡਾਂ ਨੂੰ ਪਾਣੀ 100 ਰੁਪਏ ਕਿਲੋ ਲੀਟਰ ਤੇ ਸ਼ਹਿਰਾਂ ਨੂੰ ਤਿੰਨ ਰੁਪਏ ਕਿਲੋ ਲੀਟਰ ਹੈ ?

**ਵਸੀਮ:** ਹਾਂ ! ਇਹੀ ਸੱਚ ਹੈ ! ਜਾ ਕੇ ਪਤਾ ਕਰ ਲਓ ਪਾਣੀ ਦੇ ਰੇਟ ਮੁਕਤਸਰ ਦੇ ਪਿੰਡਾਂ ਵਿੱਚ ਜਾ ਕੇ ਤੇ ਵੇਖ ਲਓ ਮੁਕਤਸਰ ਕਮੇਟੀ ਦੇ ਰੇਟ ਜੋ ਸ਼ਹਿਰੀਆਂ ਤੋਂ ਜਾਂਦੇ ਨੇ ਵਸੂਲੇ ! ਆਪੇ ਪਤਾ ਲੱਗ ਜਾਵੇਗਾ ।

**ਸੋਮੇਸ਼:** ਬੇਟੀ, ਔਰਤਾਂ ਹੀ ਨਹੀਂ ਤੇਰੇ ਵਰਗੀਆਂ ਲੜਕੀਆਂ ਨੂੰ ਵੀ ਜੇ ਆਰ ਓ ਸਹੂਲਤ ਨਾ ਹੋਵੇ ਤਾਂ ਦੂਰ-ਦੂਰ ਤੋਂ ਪਾਣੀ ਲਿਆਉਣਾ ਪੈਂਦਾ ਹੈ।

**ਵਸੀਮ:** ਜ਼ਿਆਦਾਤਰ ਪਿੰਡਾਂ ਵਿਚ ਔਰਤਾਂ ਨੂੰ ਦਿਨ ਵਿਚ ਤਿੰਨ ਵਾਰ ਪਾਣੀ ਲਿਆਉਣਾ ਹੁੰਦਾ ਹੈ। ਇੱਕ ਤਾਂ ਬਹੁਤ ਸਵੇਰੇ, ਦੂਸਰਾ ਸਵੇਰ ਦਾ ਕੰਮ ਕਰਨ ਤੋਂ ਬਾਅਦ ਅਤੇ ਤੀਸਰੀ ਵਾਰ ਸ਼ਾਮ ਨੂੰ ਹਨੇਰਾ ਹੋਣ ਤੋਂ ਪਹਿਲਾਂ। ਕਦੇ-ਕਦਾਈਂ ਜ਼ਿਆਦਾ ਵਾਰ ਵੀ ਜਾਣਾ ਪੈਂਦਾ ਹੈ।

**ਰੋਹਿਤ:** ਫਿਰ ਤਾਂ ਪਾਣੀ ਲਿਆਉਣ ਵਿਚ ਕਾਫੀ ਸਮਾਂ ਲੱਗ ਜਾਂਦਾ ਹੋਵੇਗਾ।

**ਵਸੀਮ:** ਕਈ ਥਾਵਾਂ ‘ਤੇ ਤਾਂ ਪਾਣੀ ਲਿਆਉਣ ਲਈ ਔਰਤਾਂ ਨੂੰ ਰੋਜ਼ਾਨਾ ਨੌਂ ਤੋਂ ਦਸ (9-10) ਕਿਲੋਮੀਟਰ ਪੈਦਲ ਤੁਰਨਾ ਪੈਂਦਾ ਹੈ। ਰਾਜਸਥਾਨ ਦੇ ਜੈਸਲਮੇਰ ਵਰਗੇ ਸਥਾਨਾਂ ‘ਤੇ ਜ਼ਿਆਦਾਤਰ ਔਰਤਾਂ ਦਾ ਪੂਰਾ ਸਮਾਂ ਪਾਣੀ ਲਿਆਉਣ ਅਤੇ ਖਾਣਾ ਪਕਾਉਣ ਵਿਚ ਹੀ ਬੀਤਦਾ ਹੈ।

**ਵਸੁਧਾ:** ਪਿੰਡਾਂ ਵਿਚ ਕਿੰਨੀ ਭਿਆਨਕ ਹੈ ਸਥਿਤੀ ਅੱਜ ਵੀ !

**ਵਸੀਮ:** ਵੈਸੇ ਪਿੰਡ-ਸ਼ਹਿਰ ਦੀ ਗੱਲ ਨਹੀਂ ਹੈ। ਜਿੱਥੇ ਵੀ ਪੀਣ ਵਾਲੇ ਪਾਣੀ ਦੀ ਕਮੀ ਹੈ ਉੱਥੇ ਲੋਕਾਂ ਨੂੰ ਕਾਫੀ ਸਮੱਸਿਆਵਾਂ ਹੁੰਦੀਆਂ ਹਨ।

**ਸੋਮੇਸ਼:** ਇੱਕ ਪਾਸੇ ਤਾਂ ਸਾਡੇ ਦੇਸ਼ ਤੇ ਪੰਜਾਬ ਵਿਚ ਵਿਸ਼ਾਲ ਨਦੀਆਂ ਹਨ ਅਤੇ ਦੂਸਰੇ ਪਾਸੇ ਕਰੋੜਾਂ ਲੋਕਾਂ ਨੂੰ ਪੀਣ ਦਾ ਸਾਫ਼ ਪਾਣੀ ਵੀ ਆਸਾਨੀ ਨਾਲ ਉਪਲਬਧ ਨਹੀਂ ਹੁੰਦਾ , ਕਿੰਨੀ ਵੱਡੀ ਹੈ ਇਹ ਵਿਡੰਬਨਾ !

**ਵਸੀਮ:** ਸੋਮੇਸ਼, ਇਸ ਸਮੱਸਿਆ ਦੇ ਲਈ ਮੁੱਖ ਤੌਰ ’ਤੇ ਦੋ ਕਾਰਨ ਜ਼ਿੰਮੇਵਾਰ ਨੇ। ਇੱਕ ਤਾਂ ਅਸੀਂ ਪਾਣੀ ਦਾ ਸੁਰੱਖਿਅਣ ਕਰਨ ਵਾਲੇ ਆਪਣੇ ਰਵਾਇਤੀ ਸ੍ਰੋਤਾਂ ਤੇ ਤਕਨੀਕਾਂ ਨੂੰ ਤਿਲਾਂਜਲੀ ਦੇ ਦਿੱਤੀ ਹੈ , ਅਤੇ ਦੂਸਰਾ ਪਾਣੀ ਨੂੰ ਬਹੁਤ ਜਿਆਦਾ ਜਾਇਆ ਕੀਤਾ ਜਾਂਦਾ ਹੈ  ਵਿਸ਼ੇਸ਼ ਕਰਕੇ ਸ਼ਹਿਰੀਆਂ ਵੱਲੋਂ ! ਨਾਲੇ ਇਸਨੂੰ ਬਹੁਤ ਜ਼ਿਆਦਾ ਕਰ ਦਿੱਤਾ ਹੈ ਪ੍ਰਦੂਸ਼ਿਤ ਉਦਯੋਗਾਂ ਤੇ ਖੇਤੀ ਦੀ ਰਹਿੰਦ-ਖੂੰਹਦ ਅਤੇ ਸ਼ਹਿਰ ਦੇ ਗੰਦ ਮੰਦ ਨਾਲ !

**ਵਸੁਧਾ:** ਤੁਹਾਡੀ ਗੱਲ ਬਿਲਕੁਲ ਠੀਕ ਹੈ, ਭਾਈ ਸਾਹਿਬ।

**ਵਸੀਮ:** ਸਾਡੇ ਦੇਸ਼ ਵਿਚ ਪਾਣੀ ਦਾ ਭੰਡਾਰਨ ਸਦੀਆਂ ਤੋਂ ਕੀਤਾ ਜਾਂਦਾ ਰਿਹਾ ਹੈ। ਹਰ ਪ੍ਰਦੇਸ਼ ਵਿਚ ਆਪਣੀਆਂ ਵਿਸ਼ੇਸ਼ ਸਰੰਚਨਾਵਾਂ ਹੁੰਦੀਆਂ ਹਨ। ਜੰਮੂ ਵਿਚ ਕੁਲੜ੍ਹ, ਹਿਮਾਚਲ ਵਿਚ ਕੁੱਲੂ, ਘਰਟ ਅਤੇ ਗੂਲੇ, ਉਤਰਾਖੰਡ ਵਿਚ ਗੁਲਸ, ਮਹਾਂਰਾਸ਼ਟਰ ਵਿਚ ਬੈਂਧਾਰਾ ਅਤੇ ਪਾਟਸ, ਲੱਦਾਖ ਵਿਚ ਜਿਗਨਸ, ਨਾਗਾਲੈਂਡ ਵਿਚ ਜਾਬੋ, ਤਮਿਲਨਾਡੂ ਵਿਚ ਏਰਿਸ, ਰਾਜਸਥਾਨ ਵਿਚ ਬਾਵੜੀ, ਜੋਹੜ ਅਤੇ ਝਾਲਰਾ, ਗੁਜਰਾਤ ਵਿਚ ਵੀਰਦਾਸ, ਬਿਹਾਰ ਵਿਚ ਅਹਿਰਪਾਈਨ, ਨਰਮਦਾ ਘਾਟੀ ਵਿਚ ਹਵੇਲੀ ਤੇ ਹਰਿਆਣਾ ਪੰਜਾਬ ਵਿੱਚ ਖੂਹ ਤੇ ਤਾਲਾਬ ਆਦਿ ਜਲ

ਸੁਰੱਖਿਅਣ ਲਈ ਬਣਾਈਆਂ ਗਈਆਂ ਸਰੰਚਨਾਵਾਂ ਸਨ।ਪੰਜਾਬ ਦੇ ਪਿੰਡਾਂ ਵਿੱਚ ਤਾਂ ਬਾਰਸ਼ ਦਾ ਸਾਰਾ ਪਾਣੀ ਟੋਭਿਆ ਵਿੱਚ ਹੋ ਜਾਂਦਾ ਸੀ ਇਕੱਠਾ !

**ਰੋਹਿਤ:** ਯਾਨੀ ਹਰ ਖੇਤਰ ਦੇ ਹਿਸਾਬ ਨਾਲ ਜਲ ਸੁਰੱਖਿਅਣ ਲਈ ਹੁੰਦਾ ਸੀ ਪ੍ਰਯੋਗ ਅਲੱਗ-ਅਲੱਗ ਤਕਨੀਕਾਂ ਦਾ!

**ਵਸੀਮ:** ਹਾਂ ਰੋਹਿਤ, ਸਮੁੰਦਰ ਵਿਚ ਵਸੇ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਦੇ ਨਿਵਾਸੀ ਆਦਿਵਾਸੀ ਛੋਪੇਨ ਅਤੇ ਜਾਰਵਾ ਬਾਂਸ ਚੀਰ ਕੇ ਉਸ ਦਾ ਉਪਯੋਗ ਪਾਣੀ ਦਾ ਭੰਡਾਰ ਕਰਨ ਲਈ ਕਰਦੇ ਸਨ। ਔਂਗੀ ਆਦਿਵਾਸੀ ਛੱਤਾਂ ਤੋਂ ਡਿੱਗਣ ਵਾਲੇ ਪਾਣੀ ਨੂੰ ਬਰਤਨਾਂ ਵਿਚ ਇਕੱਠਾ ਕਰਦੇ ਸਨ।

**ਅੰਮ੍ਰਿਤਪਾਲ:** ਇਸਦਾ ਮਤਲਬ ਉਨ੍ਹਾਂ ਲੋਕਾਂ ਨੂੰ ਵੀ ਜਲ ਸੁਰੱਖਿਅਣ ਦਾ ਮਹੱਤਵ ਪਤਾ ਸੀ !

**ਵਸੁਧਾ:** ਜੀਵਨ ਲਈ ਪਾਣੀ ਐਨਾ ਮਹੱਤਵਪੂਰਨ ਹੈ ਕਿ ਸਦੀਆਂ ਤੋਂ ਹਰ ਸੰਸਕ੍ਰਿਤੀ, ਹਰ ਖੇਤਰ ਦੇ ਲੋਕਾਂ ਨੇ ਜਲ ਸੁਰੱਖਿਅਣ ਦੀਆਂ ਤਕਨੀਕਾਂ ਵਿਕਸਿਤ ਕੀਤੀਆਂ।

**ਸੋਮੇਸ਼:** ਬਸ, ਅਸੀਂ ਉਨ੍ਹਾਂ ਤਕਨੀਕਾਂ ਨੂੰ ਭੁਲਾ ਦਿੱਤਾ। ਸਾਡੇ ਆਧੁਨਿਕ ਪੱਛਮੀ ਤਰਜ ਦੇ ਵਿਕਾਸ ਮਾਡਲ ਕਾਰਨ ਅਤੇ ਇਸ ਮਾਡਲ ਸਦਕਾ ਪਨਪੀ ਭੌਤਿਕਵਾਦੀ ਸੋਚ ਨੇ, ਹਰ ਚੀਜ਼ ਨੂੰ ਕੇਵਲ ਉਪਭੋਗ ਦੀ ਵਸਤੂ ਮੰਨਿਆ ਜਿਸ ਕਾਰਨ ਪਾਣੀ ਵਰਗੇ ਕੁਦਰਤੀ ਸੰਸਾਧਨਾਂ ਦਾ ਦੋਹਨ ਹੱਦੋਂ ਵੱਧ ਹੋਣ ਲੱਗਾ।

**ਵਸੀਮ:** ਸਾਡੇ ਇਸ “ਵਰਤੋ ਤੇ ਸੁੱਟੋ” ਵਾਲੇ ਵਿਅਕਤੀਗਤ ਵਿਕਾਸ ਦੇ ਅਜੋਕੇ ਮਾਡਲ ਦਾ ਤੇ ਇਸ ਵਿੱਚੋਂ ਪੈਦਾ ਹੋਈ ਸਾਡੀ ਅਜਿਹੀ ਹੀ ਸੋਚ ਦਾ ਨਤੀਜਾ ਹੈ ਕਿ ਜਿਹੜਾ ਪਾਣੀ ਕਦੇ ਵਾਧੂ ਮਾਤਰਾ ਵਿਚ ਉਪਲਬਧ ਰਹਿੰਦਾ ਸੀ ਅੱਜ ਉਹ ਦੁਰਲੱਭ ਹੁੰਦਾ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਜੇਕਰ 20ਵੀਂ ਸਦੀ ਤੇਲ ਦੀ ਸੀ ਤਾਂ 21ਵੀਂ ਸਦੀ ਪਾਣੀ ਦੀ ਰਹੇਗੀ।

**ਸੋਮੇਸ਼:** ਆਹੋ ਜੀ ! ਕਹਿੰਦੇ ਤਾਂ ਇਹ ਵੀ ਨੇ ਤੀਜਾ ਵਿਸ਼ਵ ਯੁੱਧ ਹੁਣ ਪਾਣੀ ਤੇ ਹੋਵੇਗਾ !

**ਰੋਹਿਤ:** ਪਾਪਾ ! ਤੇਲ ਪੈਦਾ ਕਰਨ ਵਾਲੇ ਮੁਲਕਾਂ ਨੇ ਜੋ ਤਰੀਕਾ ਤੇਲ ਦਾ ਮੁੱਲ ਵਧਾਉਣ ਦਾ ਸੱਤਰਵਿਆਂ ਵਿੱਚ ਵਰਤਿਆ ਸੀ, ਕੀ ਅਸੀਂ ਪਾਣੀ ਦਾ ਮੁੱਲ ਇਸ ਤਰ੍ਹਾਂ ਨਹੀਂ ਵਧਾ ਸਕਦੇ ਘੱਟੋ ਘੱਟ ਕੋਕ ਤੇ ਪੈਪਸੀ ਵਰਗੀਆਂ ਬਦੇਸੀ ਕੰਪਨੀਆਂ ਦੇ ਲਈ ?

**ਵਸੀਮ:** ਅਜੇ ਤਾਂ ਨਹੀਂ ਲਗਦਾ ਕਿ ਅਸੀਂ ਕੋਈ ਅਜਿਹਾ ਕਦਮ ਉਠਾ ਰਹੇ ਹਾਂ , ਬਲਕਿ ਅਜੇ ਤਾਂ ਇਨ੍ਹਾਂ ਕੰਪਨੀਆਂ ਦੀ ਮਨ ਮਰਜੀ ਰਹੀ ਹੈ ਚੱਲ ! ਕੇਰਲਾ ਵਿੱਚ ਤਾਂ ਇਨ੍ਹਾਂ ਕੰਪਨੀਆਂ ਵੱਲੋਂ ਪਾਣੀ ਵਰਤਨ ਦੇ ਤਰੀਕਿਆਂ ‘ਤੇ ਵਾਦ ਵਿਵਾਦ ਵੀ ਹੋ ਰਿਹਾ ਹੈ ।

**ਵਸੁਧਾ:** ਹਾਂ, ਪਾਣੀ ਨੂੰ ਲੈ ਕੇ ਹੋਣ ਵਾਲੀ ਖਿੱਚਾਤਾਣੀ ਦੀਆਂ ਖਬਰਾਂ ਤਾਂ ਹਰ ਰੋਜ ਆਉਂਦੀਆਂ ਰਹਿੰਦੀਆਂ ਨੇ ਸਾਡੇ ਦੇਸ਼

ਵਿਚ ਤਾਂ ਅਕਸਰ ਕਈ ਰਾਜਾਂ ਵਿਚ ਨਦੀਆਂ ਦਾ ਪਾਣੀ ਵੰਡਣ ਸਬੰਧੀ ਝਗੜੇ ਹੁੰਦੇ ਰਹੇ ਹਨ। ਸਤਲੁਜ ਯਮੁਨਾ ਲਿੰਕ ਨਹਿਰ ਦਾ ਮੁੱਦਾ ਪੰਜਾਬ ਅਤੇ ਹਰਿਆਣਾ ਵਿਚਕਾਰ ਕਿੰਨਾ ਗੰਭੀਰ ਮੁੱਦਾ ਬਣਾ ਦਿੱਤਾ ਗਿਆ ਹੈ ਅਸੀਂ ਸਾਰੇ ਜਾਣਦੇ ਹੀ ਹਾਂ।

**ਰੋਹਿਤ:** ਪਰ ਜਲ ਸੰਕਟ ਨਾਲ ਕਿਸ ਪ੍ਰਕਾਰ ਨਿਪਟਿਆ ਜਾ ਸਕਦਾ ਹੈ?

**ਵਸੀਮ:** ਰੋਹਿਤ, ਇਸਦੇ ਲਈ ਸਾਨੂੰ ਜਲ ਸੁਰੱਖਿਅਣ ਅਤੇ ਜਲ ਸ਼ੁੱਧੀਕਰਨ ਦੀਆਂ ਰਵਾਇਤੀ ਵਿਧੀਆਂ ਵੱਲ ਮੋੜਾ ਕੱਟ ਕੇ ਉਨ੍ਹਾਂ ਦਾ ਹੀ ਸਹਾਰਾ ਲੈਣਾ ਹੋਵੇਗਾ। ਇਸ ਦੇ ਨਾਲ ਹੀ ਆਧੁਨਿਕ ਤਕਨਾਲੌਜੀ ਦਾ ਉਪਯੋਗ ਕਰਕੇ ਅਜਿਹੀਆਂ ਤਕਨੀਕਾਂ ਵਿਚ ਸੁਧਾਰ ਕਰਨਾ ਹੋਵੇਗਾ ਜਿਸ ਨਾਲ ਸਾਨੂੰ ਸ਼ੁੱਧ ਪੀਣ ਵਾਲਾ ਪਾਣੀ ਮਿਲ ਸਕੇ।

**ਵਸੁਧਾ:** ਯਾਨੀ ਹਰੇਕ ਨੂੰ ਪੀਣਯੋਗ ਪਾਣੀ ਉਪਲਬਧ ਕਰਵਾਉਣ ਦੇ ਵਾਸਤੇ ਪੀਣ ਵਾਲੇ ਪਾਣੀ ਤਕ ਮਨੁੱਖੀ ਪਹੁੰਚ ਨੂੰ ਆਸਾਨ ਬਣਾਉਣਾ ਹੋਵੇਗਾ।

**ਸੋਮੇਸ਼:** ਇਹੀ ਨਹੀਂ, ਸਾਨੂੰ ਪੀਣ ਵਾਲੇ ਪਾਣੀ ਨੂੰ ਸੰਭਾਲ ਕੇ ਸਾਫ਼ ਵੀ ਰੱਖਣਾ ਹੋਵੇਗਾ।

**ਵਸੀਮ:** ਇਨ੍ਹਾਂ ਸਭ ਕੰਮਾਂ ਨੂੰ ਅਸੀਂ ਆਸਾਨੀ ਨਾਲ ਉਦੋਂ ਕਰ ਪਾਵਾਂਗੇ ਜਦੋਂ ਸਾਰੇ ਸਿਆਸਤਦਾਨਾਂ , ਪ੍ਰਸ਼ਾਸ਼ਨਿਕ ਅਧਿਕਾਰੀਆਂ , ਤਕਨੀਕੀ ਮਾਹਰਾਂ , ਸ਼ਹਿਰੀਆਂ ਤੇ ਪੇਂਡੂਆਂ ਦੀ ਪਾਣੀ ਬਾਰੇ ਚੰਗੀ ਸਮਝ ਵਿਕਸਿਤ ਹੋ ਜਾਵੇਗੀ । ਯਾਨੀ ਸਾਰੇ ਲੋਕ ਜਲ-ਸਾਖ਼ਰ ਹੋ ਜਾਣਗੇ।

**ਰੋਹਿਤ:** ਵਾਹ, ਜਲ-ਸਾਖ਼ਰ! ਵਾਕਈ ਇਹ ਤਾਂ ਰੋਮਾਂਚਕ ਨਾਮ ਹੈ।

**ਵਸੀਮ:** ਰੋਹਿਤ, ਇਸ ਦਾ ਅਰਥ ਹੈ ਪਾਣੀ ਬਾਰੇ ਸਹੀ ਸਮਝ ! ਪਾਣੀ ਦੇ ਮਹੱਤਵ, ਉਸਦੇ ਸੁਰੱਖਿਅਣ, ਉਸ ਦੀ ਸ਼ੁੱਧਤਾ ਨੂੰ ਬਣਾਈ ਰੱਖਣ ਸੰਬੰਧੀ ਗੱਲਾਂ ਨੂੰ ਸਮਝ ਕੇ ਉਨ੍ਹਾਂ 'ਤੇ ਅਮਲ ਕਰਨਾ।

**ਅੰਮ੍ਰਿਤਪਾਲ:** ਵੈਸੇ ਪਾਣੀ ਦੇ ਸਾਫ ਰਹਿਣ ਦਾ ਸਬੰਧ ਸਿੱਧੇ-ਸਿੱਧੇ ਸਫਾਈ ਨਾਲ ਵੀ ਹੈ ਨਾ?

**ਸੋਮੇਸ਼:** ਹਾਂ, ਪੀਣ ਵਾਲੇ ਪਾਣੀ ਨੂੰ ਸਾਫ ਰੱਖ ਸਕਨ ਦਾ ਪਾਣੀ ਸ੍ਰੋਤਾਂ ਦੇ ਦੁਆਲੇ ਸਫਾਈ ਨਾਲ ਗਹਿਰਾ ਸੰਬੰਧ ਹੈ । ਦੋਵੇਂ ਇਕ-ਦੂਸਰੇ ਦੇ ਪੂਰਕ ਹਨ !

**ਵਸੁਧਾ:** ਹਾਂ ਆਪਣੇ ਦੇਸ਼ ਵਿਚ ਤਾਂ ਪਾਣੀ ਸ੍ਰੋਤਾਂ ਦੇ ਇਰਦ ਗਿਰਦ ਸਦੀਆਂ ਤੋਂ ਸਾਫ-ਸਫਾਈ ਨੂੰ ਬੜਾ ਮਹੱਤਵ ਦਿੱਤਾ ਜਾਂਦਾ ਰਿਹਾ ਹੈ।ਹਿਮਾਚਲ ਵਿੱਚ ਪਾਣੀ ਦੇ ਸ੍ਰੋਤਾਂ ਕੋਲ ਜਾਣ ਵਾਸਤੇ ਜੁਤੇ ਉਤਾਰ ਕੇ ਜਾਣਾ ਪੈਂਦਾ ਹੈ । ਅੱਜ ਵੀ ਹਰ ਸਾਲ ਤਿਉਹਾਰਾਂ ਦੇ ਦੌਰਾਨ ਪੂਰੇ ਘਰ - ਘਾਟ ਦੀ ਸਫਾਈ ਕੀਤੀ ਜਾਂਦੀ ਹੈ।

**ਸੋਮੇਸ਼:** ਇਸੇ ਲਈ ਤਾਂ ਕਹਿੰਦੇ ਹਨ ਸਫਾਈ ਹੀ ਦੂਸਰੀ ਖੁਦਾਈ ਹੈ ! ਸਾਫ-ਸੁਥਰਾ ਆਲਾ ਦੁਆਲਾ ਤੇ ਮਲੀਨਤਾਂਾਂ ਮੁਕਤ ਪਰਿਆਵਰਣ ਖੁਸ਼ਹਾਲੀ ਦੀ ਨਿਸ਼ਾਨੀ ਹੈ !

**ਰੋਹਿਤ:** ਪਾਣੀ ਦੀ ਸ਼ੁਧਤਾ ਲਈ ਜਰੂਰੀ ਹੈ ਕਿ ਸਾਫਸਫਾਈ ਤੋਂ ਬਾਅਦ ਕੂੜਾ ਕਰਕਟ ਜਲ ਸ੍ਰੋਤਾਂ ਦੇ ਨੇੜੇ - ਤੇੜੇ ਨਾ ਸੁੱਟਿਆ ਜਾਵੇ ।

**ਵਸੁਧਾ:** ਬਿਲਕੁਲ ਨਹੀਂ, ਜੇ ਸਾਡਾ ਆਲਾ-ਦੁਆਲਾ ਸਾਫ ਰਹੇਗਾ ਤੇ ਕੂੜੇ ਕਰਕਟ ਤੋਂ ਜਲ ਸ੍ਰੋਤਾਂ ਨੂੰ ਬਚਾ ਕੇ ਰੱਖਿਆ ਜਾਵੇਗਾ ਤਦ ਹੀ ਸਾਡਾ ਦੇਸ਼ ਸਾਫ-ਸੁਥਰਾ ਰਹੇਗਾ।

**ਵਸੀਮ:** ਅਸਲ ਵਿਚ ਸਾਡੇ ਦੇਸ਼ ਦੇ ਕਈ ਖੇਤਰਾਂ ਵਿਚ ਸਫਾਈ ਤੇ ਪੀਣ ਵਾਲੇ ਪਾਣੀ ਦੀ ਸ਼ੁੱਧਤਾ ‘ਤੇ ਜਾਗਰੂਕਤਾ ਸਬੰਧੀ ਪ੍ਰਚਾਰ ਕਈ ਸਾਲਾਂ ਤੋਂ ਕੀਤਾ ਜਾ ਰਿਹਾ ਹੈ ਅਤੇ ਦੇਸ਼ ਦੇ ਕਈ ਇਲਾਕਿਆਂ ਵਿਚ ਇਸ ਦਿਸ਼ਾ ਵਿਚ ਸਫਲਤਾ ਵੀ ਮਿਲੀ ਹੈ।

**ਅੰਮ੍ਰਿਤਪਾਲ:** ਜੇਕਰ ਸਾਰੇ ਕੋਸ਼ਿਸ ਕਰਨਗੇ ਤਾਂ ਸਮੂਹਿਕ ਕੋਸ਼ਿਸਾਂ ਨਾਲ ਸਫਲਤਾ ਤਾਂ ਮਿਲੇਗੀ ਹੀ।

**ਸੋਮੇਸ਼:** ਹਾਂ ! ਵਿਅਕਤੀਗਤ ਕੋਸ਼ਿਸ਼ਾਂ ਦੇ ਮੁਕਾਬਲੇ ਸਮੂਹਿਕ ਕੋਸ਼ਿਸ਼ਾਂ ਜਿਆਦਾ ਵਿਆਪਕ ਤੇ ਵੱਡੇ ਪੈਮਾਨੇ ਤੇ ਹੋਣ ਕਰਕੇ ਘੱਟ ਖਰਚੇ ਨਾਲ ਵੀ ਜਿਆਦਾ ਪ੍ਰਭਾਵਸ਼ਾਲੀ ਹੁੰਦੀਆਂ ਹਨ ।

**ਵਸੀਮ:** ਇਸਦਾ ਸਭ ਤੋਂ ਚੰਗਾ ਉਦਾਹਰਨ ਕੇਰਲ ਰਾਜ ਦਾ ਹੈ।

**ਰੋਹਿਤ:** ਕੇਰਲ ਵਿਚ ਤਾਂ ਵੈਸੇ ਵੀ ਸਾਖਰਤਾ ਦਰ ਸੱਭ ਤੋਂ ਵੱਧ ਹੈ !

**ਸੋਮੇਸ਼:** ਹਾਂ ਰੋਹਿਤ, ਭਾਰਤ ਦੇ ਦੱਖਣ ਵਿਚ ਸਥਿਤ ਇਹ ਰਾਜ ਕਈ ਮਾਮਲਿਆਂ ਵਿਚ ਅੱਗੇ ਹੈ। ਪਰ ਸਭ ਤੋਂ ਚੰਗੀ ਗੱਲ ਇਹ ਹੈ ਕਿ ਇਸ ਰਾਜ ਵਿਚ ਪੀਣ ਵਾਲੇ ਪਾਣੀ ਦੀ ਸ਼ੁੱਧਤਾ ਅਤੇ ਸਫਾਈ ਨੂੰ ਲੈ ਕੇ ਲੋਕ ਬਹੁਤ ਹੀ ਜਿਆਦਾ ਜਾਗਰੂਕ ਹਨ।

**ਵਸੁਧਾ:** ਫਿਰ ਤਾਂ ਦੂਸਰੇ ਰਾਜਾਂ ਨੂੰ ਵੀ ਕੇਰਲ ਦੀ ਤਰ੍ਹਾਂ ਪਾਣੀ ਦੇ ਸੁਰੱਖਿਅਣ ਦੇ ਮਹੱਤਵ ਨੂੰ ਸਮਝਣਾ ਚਾਹੀਦਾ ਹੈ।

**ਵਸੀਮ:** ਹਾਂ ਭਾਬੀ ਜੀ, ਵੈਸੇ ਤਾਂ ਕੇਰਲ ਵਿਚ ਦੇਸ ਦੀ ਔਸਤ ਤੋਂ 2.8 ਗੁਣਾ ਵੱਧ ਬਾਰਿਸ਼ ਹੁੰਦੀ ਹੈ ਜਦ ਕਿ ਇਥੋਂ ਦੀ ਆਬਾਦੀ ਦੀ ਸੰਣਤਾ ਦੇਸ ਦੀ ਔਸਤ ਆਬਾਦੀ ਸੰਯਤਾ ਨਾਲੋਂ ਢਾਈ ਗੁਣਾ ਹੈ। ਕੇਰਲ ਦੀਆਂ ਲਗਭਗ 90% ਨਦੀਆਂ ਪੱਛਮੀ ਘਾਟ ਵੱਲੋਂ ਨਿਕਲਦੀਆਂ ਹਨ । ਮੀਂਹ ਪੈਣ ਤੋਂ ਦੋ ਦਿਨ ਦੇ ਅੰਦਰ ਇਨ੍ਹਾਂ ਦਾ ਪਾਣੀ ਅਰਬ ਸਾਗਰ ਵਿਚ ਮਿਲ ਜਾਂਦਾ ਹੈ।

**ਰੋਹਿਤ:** ਓਹੋ, ਇਸ ਪ੍ਰਕਾਰ ਤਾਂ ਸਾਰਾ ਪਾਣੀ ਵਿਅਰਥ ਹੋ ਜਾਂਦਾ ਹੈ !

**ਵਸੀਮ:** ਕੇਰਲ ਦੇ ਸ਼ੁੱਧ ਪਾਣੀ ਦਾ 40% ਵਹਿ ਕੇ ਅਰਬ ਸਾਗਰ ਵਿੱਚ ਪੈ ਕੇ ਵਿਅਰਥ ਹੋ ਜਾਂਦਾ ਹੈ। ਇਨ੍ਹਾਂ ਨਦੀਆਂ ਵਿਚ ਪਾਣੀ ਹੁੰਦਾ ਤਾਂ ਘੱਟ ਹੀ ਹੈ। ਇਨ੍ਹਾਂ ਦਾ ਕੁੱਲ ਜਲ-ਵਹਾਅ ਗੋਦਾਵਰੀ ਨਦੀ ਦੇ ਵਹਾਅ ਦਾ ਲੱਗਭਗ ਇੱਕ ਤਿਹਾਈ ਹੀ ਹੈ।

**ਅੰਮ੍ਰਿਤਪਾਲ:** ਫਿਰ ਤਾਂ ਇੱਥੇ ਜਲ ਸੁਰੱਖਿਅਣ ਦੀ ਬਹੁਤ ਜ਼ਰੂਰਤ ਰਹੀ ਹੋਵੇਗੀ।

**ਵਸੀਮ:** ਹਾਂ ! ਤਾਂਹੀਓ ਤਾਂ ਲੋਕਾਂ ਨੇ ਪਾਣੀ ਦੇ ਮਹੱਤਵ ਨੂੰ ਸਮਝਿਆ ਅਤੇ ਜਲ ਸੁਰੱਖਿਅਣ ਲਈ ਕਈ ਵਿਸ਼ੇਸ਼ ਤਰੀਕੇ ਖੋਜੇ। ਲੋਕਾਂ ਨੂੰ ਜਾਗਰੂਕ ਕਰਨ ਲਈ ਕਾਰਜਸ਼ਾਲਾਵਾਂ ਦਾ ਅਯੋਜਨ ਕੀਤਾ ਗਿਆ। ਸੁਰੱਖਿਅਣ ਤਕਨੀਕਾਂ ਦੀ ਸਿਖਲਾਈ ਦਿੱਤੀ ਗਈ ਤਾਂ ਜੋ ਲੋਕ ਇਸ ਕੰਮ ਨਾਲ ਜੁੜ ਸਕਣ।

**ਸੋਮੇਸ਼:** ਕੋਰਟ ਨੇ ਕੇਰਲ ਦੇ ਹੀ ਇੱਕ ਕੇਸ ਉੱਪਰ ਕਿਹਾ ਸੀ ਕਿ ਪਾਣੀ ਸਰਵਜਨਕ ਸੰਪਤੀ ਹੈ । ਪਾਣੀ ਦਾ ਦੋਹਨ ਅਤੇ ਇਸ ਨੂੰ ਪ੍ਰਦੂਸ਼ਿਤ ਕਰਨਾ ਨਾਗਰਿਕਾਂ ਦੇ ਸੰਵਿਧਾਨਿਕ ਅਧਿਕਾਰ ਦੀ ਉਲੰਘਣਾ ਹੈ।

**ਵਸੀਮ:** ਹਾਂ ਸੋਮੇਸ਼, ਕੇਰਲ ਵਿਚ ਸਾਫਟ ਡਰਿੰਕ ਬਣਾਉਣ ਵਾਲੀ ਇੱਕ ਕੰਪਨੀ ਦੁਆਰਾ ਰੋਜ਼ਾਨਾ 15 ਲੱਖ ਲੀਟਰ ਪਾਣੀ ਧਰਤੀ ਹੇਠੋਂ ਕੱਢਿਆ ਜਾ ਰਿਹਾ ਸੀ। ਠੰਢੇ ਪੇ ਪਦਾਰਥ ਬਣਾਉਣ ਦੀ ਪ੍ਰਕਿਰਿਆ ਦੁਆਰਾ ਧਰਤੀ ਹੇਠਲੇ ਪਾਣੀ ਨੂੰ ਪ੍ਰਦੂਸ਼ਿਤ ਵੀ ਕੀਤਾ ਜਾ ਰਿਹਾ ਸੀ। ਇਸ ਮਾਮਲੇ ਵਿਚ ਹੋਏ ਵਿਰੋਧ ਦੇ ਮੱਦੇਨਜ਼ਰ ਕੋਰਟ ਨੇ ਇਹ ਫੈਸਲਾ ਸੁਣਾਇਆ ਸੀ।

**ਰੋਹਿਤ:** ਐਨਾ ਸਾਰਾ ਪਾਣੀ......ਲਿਆਉਂਦੀ ਕਿੱਥੋਂ ਹੋਵੇਗੀ ਕੰਪਨੀ।

**ਵਸੀਮ:** ਕੰਪਨੀ ਕੱਢਦੀ ਸੀ ਧਰਤੀ ਹੇਠੋਂ ਇਹ ਪਾਣੀ। ਇਸ ਕਾਰਨ ਉਸ ਖੇਤਰ ਵਿਚ ਜਲ-ਪੱਧਰ 150 ਫੁੱਟ ਤੋਂ 500 ਫੁੱਟ ਨੀਵਾਂ ਚਲਿਆ ਗਿਆ। ਕੁਝ ਦਿਨਾਂ ਬਾਅਦ ਜ਼ਿਲ੍ਹਾ ਸਿਹਤ ਅਧਿਕਾਰੀ ਨੇ ਇਸ ਖੇਤਰ ਦੇ ਪਾਣੀ ਨੂੰ ਸਿਹਤ ਦੇ ਲਈ ਖਤਰਾ ਦੱਸਿਆ। ਇਸ ਪ੍ਰਕਾਰ ਉਸ ਕੰਪਨੀ ਨੇ ਪਾਣੀ ਦਾ ਦੋਹਨ ਹੀ ਨਹੀਂ ਕੀਤਾ ਸਗੋਂ ਪਾਣੀ ਨੂੰ ਪ੍ਰਦੂਸ਼ਿਤ ਵੀ ਕਰ ਦਿੱਤਾ ਜਿਸਦੇ ਨਤੀਜੇ ਵਜੋਂ ਪੀਣ ਵਾਲਾ ਪਾਣੀ ਕੱਢਣ ਵਾਲੇ ਕਰੀਬ 260 ਟਿਊਬਵੈੱਲ ਸੁੱਕ ਗਏ।

**ਵਸੁਧਾ:** ਫਿਰ ਤਾਂ ਉਥੇ ਰਹਿਣ ਵਾਲੇ ਲੋਕਾਂ ਨੂੰ ਕਾਫੀ ਪਰੇਸ਼ਾਨੀ ਹੋਈ ਹੋਵੇਗੀ।

**ਵਸੀਮ:** ਹਾਂ, ਭਾਵੇਂ ਇਸ ਕੰਪਨੀ ਦਾ ਲਾਇਸੈਂਸ ਤਾਂ ਖਤਮ ਕਰ ਦਿੱਤਾ ਗਿਆ ਸੀ ਪਰ ਇਸਦੇ ਬਾਅਦ ਵੀ ਪਹਿਲੇ ਦੋਹਨ ਕਾਰਨ ਲੋਕਾਂ ਨੂੰ ਲੰਬੇ ਸਮੇਂ ਤਕ ਜਲ-ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਪ੍ਰਕਾਰ ਦੇ ਉਦਾਹਰਨ ਦੂਸਰੇ ਰਾਜਾਂ ਵਿਚ ਸਾਹਮਣੇ ਆਏ ਹਨ।

**ਅੰਮ੍ਰਿਤਪਾਲ:** ਇਸਤੋਂ ਤਾਂ ਸਪਸ਼ਟ ਹੈ ਕਿ ਕੰਪਨੀ ਨੇ ਤਾਂ ਧਰਤੀ 'ਚੋਂ ਬੇਵਹਾ ਪਾਣੀ ਕੱਢ ਕੇ ਆਪਣਾ ਕੰਮ ਚਲਾ ਲਿਆ ਪਰ ਮੁਸੀਬਤਾਂ ਲੋਕਾਂ ਨੂੰ ਹੋਈਆਂ।

**ਵਸੀਮ:** ਇਸ ਉਦਾਹਰਨ ਤੋਂ ਇਹ ਗੱਲ ਤਾਂ ਸਾਫ਼ ਹੁੰਦੀ ਹੈ ਕਿ ਪਾਣੀ ਦਾ ਨਿੱਜੀਕਰਨ ਕਰਨ ਨਾਲ ਪੀਣ ਵਾਲੇ ਪਾਣੀ ਦੇ ਸੰਕਟ ਦਾ ਹੱਲ ਨਹੀਂ ਹੋ ਸਕਦਾ। ਇਹ ਵਿਡੰਬਨਾ ਹੀ ਹੈ ਕਿ ਅੱਜ ਬੋਤਲ ਬੰਦ ਪਾਣੀ ਦਾ ਵਪਾਰ ਭਾਰਤ ਵਿਚ ਤੇਜ਼ੀ ਨਾਲ ਵੱਧ ਰਿਹਾ ਹੈ। ਜਦ ਕਿ ਇਟਲੀ ਵਰਗੇ ਦੇਸਾਂ ਨੇ ਬੋਤਲ ਬੰਦ ਪਾਣੀ ਤੇ ਪਾਬੰਦੀ ਲਗਾ ਦਿੱਤੀ ਹੈ ।

**ਅੰਮ੍ਰਿਤਪਾਲ:** ਮੈਂ ਪੜ੍ਹਿਆ ਹੈ ਕਿ ਯੂ ਐਸ ਏ , ਕਨੇਡਾ ਤੇ ਇੰਗਲੈਂਡ ਦੇ 70 ਸ਼ਹਿਰਾਂ ਨੇ ਬੋਤਲ ਬੰਦ ਪਾਣੀ ਤੇ ਰੋਕ ਲਗਾ ਦਿੱਤੀ ਹੈ ।

**ਸੋਮੇਸ਼:** ਅਸਲ ਵਿਚ ਕੰਪਨੀਆਂ ਦੇ ਇਹ ਲੋਕ ਸੋਚਦੇ ਹਨ ਕਿ ਪਹਿਲਾਂ ਤਾਂ ਕੁਦਰਤ ਦਾ ਦੋਹਨ ਕਰੋ ਤੇ ਬੇਥਾਹ ਮੁਨਾਫੇ ਕਮਾਓ । ਫਿਰ ਜੁਰਮਾਨੇ ਭਰ ਕੇ ਉਸ ਨੁਕਸਾਨ ਪੂਰਤੀ ਕਰ ਦਿਓ। ਅਸਲ ਵਿਚ ਅਜਿਹਾ ਨਹੀਂ ਹੋ ਸਕਦਾ। ਕੁਦਰਤ ਦੇ ਹੋਏ ਨੁਕਸਾਨ ਦੀ ਭਰਪਾਈ ਕਰਨਾ ਆਸਾਨ ਨਹੀਂ ਹੈ।

**ਵਸੀਮ:** ਹਾਂ ਸੋਮੇਸ਼, ਬਿਲਕੁਲ ਸਹੀ ਕਿਹਾ ਤੁਸੀਂ। ਇਹੀ ਸੋਚ ਕੁਦਰਤੀ ਤਾਲਮੇਲ ਨੂੰ ਗੜਬੜਾ ਰਹੀ ਹੈ।

**ਰੋਹਿਤ:** ਵੈਸੇ ਅੰਕਲ, ਕੇਰਲ ਵਿਚ ਤਾਂ ਬਹੁਤ ਸਾਰੇ ਖੂਹ ਵੀ ਨੇ ਨਾ?

**ਵਸੀਮ:** ਹਾਂ ਰੋਹਿਤ, ਕੇਰਲ ਵਿਚ ਬਹੁਤ ਸਾਰੇ ਖੂਹ ਹਨ ਪਰ ਉਨ੍ਹਾਂ ਵਿਚੋਂ ਲਗਭਗ 95% ਖੂਹਾਂ ਦਾ ਪਾਣੀ ਜੀਵਾਣੂਗ੍ਰਸਤ ਹੋਣ ਕਾਰਨ ਪੀਣ ਯੋਗ ਨਹੀਂ ਹੈ।

**ਵਸੁਧਾ:** ਸਾਡੇ ਦੇਸ਼ ਵਿਚ ਪੀਣ ਵਾਲੇ ਪਾਣੀ ਦੀ ਕਮੀ ਬਹੁਤ ਹੀ ਗੰਭੀਰ ਹੁੰਦੀ ਜਾ ਰਹੀ ਹੈ।

**ਵਸੀਮ:** ਹਾਂ, ਤਾਂਹੀਓ ਤਾਂ ਕੇਰਲ ਵਰਗੇ ਰਾਜਾਂ ਵਿਚ ਲੋਕਾਂ ਨੇ ਆਪਣੇ-ਆਪਣੇ ਪੱਧਰ 'ਤੇ ਜਲ ਸੁਰੱਖਿਅਣ ਅਤੇ ਪੀਣ ਵਾਲੇ ਪਾਣੀ ਦੇ ਸ਼ੁੱਧੀਕਰਨ ਦੇ ਯਤਨ ਆਰੰਭ ਕੀਤੇ। ਇਸ ਦਿਸ਼ਾ ਵਿਚ ਉਠਾਇਆ ਗਿਆ ਇਕ ਪ੍ਰਸ਼ੰਸ਼ਾਯੋਗ ਕਦਮ ਹੈ; ਮੀਂਹ ਵਾਲੇ ਪਾਣੀ ਨੂੰ ਇਕੱਠਾ ਕਰਨਾ।

**ਅੰਮ੍ਰਿਤਪਾਲ:** ਯਾਨੀ Rain Water Harvesting.(ਰੇਨ ਵਾਟਰ ਹਾਰਵੈਸਟਿੰਗ)।

**ਵਸੀਮ:** ਹਾਂ ! ਕੇਰਲ ਵਰਗੇ ਰਾਜ ਵਿਚ ਮੀਂਹ ਦੇ ਪਾਣੀ ਦਾ ਭੰਡਾਰਨ ਕਾਫੀ ਮਹੱਤਵਪੂਰਨ ਹੋ ਜਾਂਦਾ ਹੈ। ਅਸਲ ਵਿਚ ਕੋਜੀਕੋਡ ਵਰਗੇ ਸ਼ਹਿਰਾਂ ਵਿਚ ਵਿਸ਼ਾਲ ਇਮਾਰਤਾਂ ਦੀ ਵਧਦੀ ਸੰਖਿਆ ਅਤੇ ਉਨ੍ਹਾਂ ਵਿਚਲੇ ਟਿਊਬਵੈੱਲਾਂ ਦੇ ਕਾਰਨ ਭੂ-ਜਲ ਵਿਚ ਗਿਰਾਵਟ ਆਉਣ ਲੱਗੀ ਜਿਸਨੂੰ ਦੇਖਦੇ ਹੋਏ ਸਰਕਾਰ ਨੇ 'ਕੇਰਲ ਭੂ-ਜਲ ਅਧਿਨਿਯਮ-2002' ਰਾਹੀਂ ਇਮਾਰਤਾਂ ਵਿਚ ਮੀਂਹ ਦੇ ਪਾਣੀ ਦਾ ਭੰਡਾਰਨ ਲਾਜ਼ਮੀ ਬਣਾਇਆ। ਇਸ ਨਾਲ ਭੂ-ਜਲ ਪੱਧਰ ਵਿਚ ਸੁਧਾਰ ਹੋਇਆ ਅਤੇ ਪੀਣ ਵਾਲੇ ਪਾਣੀ ਦੀ ਸਪਲਾਈ ਵੀ ਸੁਧਰੀ।

**ਰੋਹਿਤ:** ਪਰ ਕੇਰਲ ਵਿਚ ਪੀਣ ਵਾਲੇ ਪਾਣੀ ਦੀ ਕਮੀ ਕਿਵੇਂ ਹੋ ਸਕਦੀ ਹੈ, ਉਥੇ ਤਾਂ ਕਾਫੀ ਹਰਿਆਲੀ ਹੈ?

**ਵਸੀਮ:** ਰੋਹਿਤ, ਕੋਜੀਕੋਡ ਜ਼ਿਲ੍ਹੇ ਦੀ ਇੱਕ ਗ੍ਰਾਮ ਪੰਚਾਇਤ ਹੈ ਓਵਾਨਾ (Olavanna) ਵੈਸੇ ਤਾਂ ਇਹ ਖੇਤਰ ਤਿੰਨ ਨਦੀਆਂ ਨਾਲ ਘਿਰਿਆ ਹੋਇਆ ਹੈ ਪਰ ਨਦੀਆਂ ਦਾ ਪਾਣੀ ਖਾਰਾ ਹੋਣ ਕਾਰਨ ਪੀਣ ਯੋਗ ਨਹੀਂ ਹੈ। ਅਜਿਹੀ ਸਥਿਤੀ ਵਿਚ ਮੀਂਹ ਦੇ ਪਾਣੀ ਨੂੰ ਜਮ੍ਹਾਂ ਕਰਨ ਦਾ ਮਹੱਤਵ ਵਧ ਜਾਂਦਾ ਹੈ।ਇਨ੍ਹਾਂ ਨੇ ਮੀਂਹ ਦੇ ਪਾਣੀ ਦੇ ਭੰਡਾਰਣ ਨਾਲ ਇੱਕ ਨਵੇਕਲੀ ਉਦਹਾਰਣ ਕਾਇਮ ਕਰ ਦਿੱਤੀ !

**ਸੋਮੇਸ਼:** ਤੱਟੀ ਪ੍ਰਦੇਸ਼ਾਂ ਵਿਚ ਇਹ ਸਮੱਸਿਆ ਹੁੰਦੀ ਹੈ ਕਿ ਬਹੁਤ ਸਾਰਾ ਪਾਣੀ ਹੋਣ ਦੇ ਬਾਵਜੂਦ ਵੀ ਖਾਰਾ ਹੋਣ ਦੇ ਕਾਰਨ ਉਹ ਪੀਣ ਦੇ ਕੰਮ ਨਹੀਂ ਆ ਸਕਦਾ।

**ਵਸੀਮ:** ਜਲ ਸੁਰੱਖਿਅਣ ਦਾ ਇੱਕ ਹੋਰ ਉਦਾਹਰਣ ਮੇਜਹੋਪੋਲਿਮਾ (Mazhapolima) ਪ੍ਰੋਗਰਾਮ ਹੈ।ਇਹ ਮੀਂਹ ਦੇ ਪਾਣੀ ਨੂੰ ਸਹੇਜਣ ਦੀ ਇੱਕ ਬਹੁਤ ਵਧੀਆ ਉਦਹਾਰਣ ਹੈ । ਕੇਰਲ ਦੇ ਤ੍ਰਿਚੂਰ ਵਿਚ ਹੀ ਤਕਰੀਬਨ 4.5 ਲੱਖ ਖੂਹ ਹਨ ਜੋ ਘਰੇਲੂ ਪਾਣੀ ਦੀ 70% ਆਪੂਰਤੀ ਕਰਦੇ ਹਨ। ਪਰ ਇਹਨਾਂ ਵਿਚੋਂ ਜ਼ਿਆਦਾਤਰ ਖੂਹ ਗਰਮੀਆਂ ਵਿਚ ਸੁੱਕ ਜਾਂਦੇ ਹਨ। ਇਸ ਤੋਂ ਬਿਨਾਂ ਇੱਥੇ ਭੂ-ਜਲ ਪੱਧਰ ਵੀ ਦਿਨੋਂ ਦਿਨ ਹੇਠਾਂ ਜਾ ਰਿਹਾ ਹੈ।

**ਰੋਹਿਤ:** ਭੂ-ਜਲ ਵਿਚ ਕਮੀ ਦੀ ਸਮੱਸਿਆ ਤਾਂ ਪੂਰੇ ਦੇਸ਼ ਵਿਚ ਹੀ ਵਧਦੀ ਜਾ ਰਹੀ ਹੈ।

**ਵਸੀਮ:** ਹਾਂ ਰੋਹਿਤ, ਤਾਂ ਤ੍ਰਿਚੂਰ ਵਿਚ ਮੇਜਹੋਪੋਲਿਮਾ ਪ੍ਰੋਗਰਾਮ ਅਧੀਨ ਸੰਨ 2008 ਤੋਂ ਮੀਂਹ ਦੇ ਪਾਣੀ ਨੂੰ ਇਕੱਠਾ ਕਰਕੇ ਉਸ ਨੂੰ ਸਾਫ ਕਰਕੇ ਖੁੱਲ੍ਹੇ ਖੂਹਾਂ ਵਿਚ ਪਾਇਆ ਜਾਂਦਾ ਹੈ , ਜਿਸ ਨਾਲ ਉਸ ਖੇਤਰ ਦੇ ਭੂ-ਜਲ ਪੱਧਰ ਵਿਚ ਸੁਧਾਰ ਹੋਇਆ ਹੈ। ਇਸ ਨਾਲ ਖੂਹਾਂ ਵਿਚ ਸਾਲ ਭਰ ਪਾਣੀ ਰਹਿਣ ਲੱਗਾ ਹੈ ।

**ਅੰਮ੍ਰਿਤਪਾਲ:** ਕੀ ਇਸ ਵਿਚ ਕੇਵਲ ਸਰਕਾਰ ਦਾ ਹੀ ਯੋਗਦਾਨ ਸੀ ਜਾਂ ਲੋਕਾਂ ਨੇ ਵੀ ਆਪਣੇ ਵੱਲੋਂ ਕੁਝ ਪਹਿਲ ਕੀਤੀ।

**ਵਸੀਮ:** ਅੰਮ੍ਰਿਤਪਾਲ, ਲੋਕਾਂ ਨੇ ਛੱਤਾਂ ਅਤੇ ਦੀਵਾਰਾਂ ਨੂੰ ਸਾਫ਼ ਕੀਤਾ। ਮੀਂਹ ਦੇ ਪਾਣੀ ਨੂੰ ਖੁੱਲ੍ਹੇ ਖੂਹਾਂ ਵਿਚ ਲਿਜਾਣ ਵਾਲੇ ਪਾਇਪਾਂ ਦੀ ਮੁਰੰਮਤ ਅਤੇ ਸਫ਼ਾਈ ਵਿਚ ਵੀ ਲੋਕਾਂ ਨੇ ਸਹਿਯੋਗ ਕੀਤਾ। ਇਸ ਪਹਿਲ ਕਾਰਨ ਤੱਟੀ ਖੇਤਰਾਂ ਦੇ ਖੂਹਾਂ ਤੋਂ ਲਏ ਗਏ ਪਾਣੀ ਦੇ ਨਮੂਨਿਆਂ ਵਿਚ ਲੂਣ ਦਾ ਪੱਧਰ ਘੱਟ ਮਿਲਿਆ - ਮੁਕਾਬਲਤਨ ਉਨ੍ਹਾਂ ਖੇਤਰਾਂ ਦੇ ਖੂਹਾਂ ਤੋਂ ਲਏ ਗਏ ਨਮੂਨਿਆਂ ਦੇ ਜਿੱਥੇ ਮੀਂਹ ਦੇ ਪਾਣੀ ਦਾ ਭੰਡਾਰ ਕਰਨ ਦੀ ਪਰੰਪਰਾ ਨਹੀਂ ਸੀ।

**ਸੋਮੇਸ਼:** ਦੇਸ਼ ਦੇ ਹੋਰ ਰਾਜਾਂ ਵਿਚ ਵੀ ਇਸੇ ਤਰ੍ਹਾਂ ਦੀ ਪਹਿਲ ਕੀਤੀ ਗਈ ਹੈ ਕਿ ਨਾ?

**ਵਸੀਮ:** ਹਾਂ, ਕੀਤੀ ਗਈ ਹੈ ਅਜਿਹੀ ਕੋਸ਼ਿਸ਼ ! ਮੱਧ ਪ੍ਰਦੇਸ਼ ਦੇ ਦੇਵਾਸ ਸ਼ਹਿਰ ਵਿਚ ਵੀ ਮੀਂਹ ਦੇ ਪਾਣੀ ਦਾ ਭੰਡਾਰ ਕਰਨ ਦੀ ਮੁਹਿੰਮ ਨੂੰ ਕਾਫੀ ਸਫਲਤਾ ਮਿਲੀ ਹੈ। ਇਸ ਜ਼ਿਲ੍ਹੇ ਦੇ ਕਈ ਕਿਸਾਨਾਂ ਨੇ ਆਪਣੇ ਖੇਤਾਂ ਵਿਚ ਛੋਟੇ-

ਛੋਟੇ ਤਾਲਾਅ ਬਣਾਏ ਜਿਸ ਨਾਲ ਇਹਨਾਂ ਨੂੰ ਖੇਤੀ ਵਿਚ ਵੀ ਫਾਇਦਾ ਹੋਇਆ ਅਤੇ ਉਸ ਖੇਤਰ ਵਿਚ ਭੂ-ਜਲ ਪੱਧਰ ਵਿਚ ਵੀ ਸੁਧਾਰ ਹੋਇਆ ਹੈ।

**ਅੰਮ੍ਰਿਤਪਾਲ:** ਵਾਕਈ, ਅਜਿਹੀ ਪਹਿਲ ਤਾਂ ਪੂਰੇ ਦੇਸ਼ ਵਿਚ ਹੋਣੀ ਚਾਹੀਦੀ ਹੈ।

**ਵਸੀਮ:** ਹਾਂ ! ਲੋਕ ਹੁਣ ਜਾਗਰੂਕ ਹੋ ਰਹੇ ਹਨ।

**ਸੋਮੇਸ਼:** ਲੋਕਾਂ ਵਿਚ ਜਾਗਰੂਕਤਾ ਵਧ ਤਾਂ ਰਹੀ ਹੈ ਪਰ ਇਸ ਦਿਸ਼ਾ ਵਿਚ ਅਜੇ ਵੀ ਕਾਫੀ ਮਿਹਨਤ ਕਰਨੀ ਹੋਵੇਗੀ ਸਾਰਿਆਂ ਨੂੰ ਜਲ-ਸਾਖਰਤਾ ਨਾਲ ਜੁੜਣਾ ਹੋਵੇਗਾ ਤਾਂ ਹੀ ਟਿਕਾਊ ਵਿਕਾਸ ਰਾਹੀਂ ਸਾਰਿਆਂ ਨੂੰ ਪੀਣ ਵਾਲਾ ਸਾਫ਼ ਪਾਣੀ ਮਿਲ ਸਕੇਗਾ।

**ਵਸੀਮ:** ਹਾਂ, ਟਿਕਾਊ ਵਿਕਾਸ ਦੇ ਉਦੇਸ਼ਾਂ ਵਿਚ ਸਾਰਿਆਂ ਨੂੰ ਸਾਫ਼ ਆਲੇ ਦੁਆਲੇ ਵਿੱਚ ਪੀਣ ਵਾਲਾ ਸਾਫ਼ ਪਾਣੀ ਸੁਨਿਸ਼ਚਿਤ ਕਰਨਾ ਵੀ ਸ਼ਾਮਿਲ ਹੈ।

**ਵਸੁਧਾ:** ਜੇਕਰ ਐਵੇਂ ਸੰਭਵ ਹੋਇਆ ਤਾਂ ਅੱਧੀਆਂ ਤੋਂ ਵੱਧ ਬਿਮਾਰੀਆਂ ਤਾਂ ਆਪਣੇ ਆਪ ਹੀ ਘਟ ਜਾਣਗੀਆਂ।

**ਵਸੀਮ:** ਹਾਂ ਭਾਬੀ ਜੀ, ਸਾਫ਼ ਸਫ਼ਾਈ ਅਤੇ ਪੀਣ ਵਾਲਾ ਸ਼ੁੱਧ ਪਾਣੀ ਤੇ ਪੌਸ਼ਟਿਕ ਭੋਜਨ ਮਿਲੇ ਤਾਂ ਬਿਮਾਰੀਆਂ ਕੋਲ ਵੀ ਨਹੀਂ ਆਉਣਗੀਆਂ।

**ਰੋਹਿਤ:** ਅੰਕਲ, ਤੁਸੀਂ ਖਾਣੇ ਦੀ ਗੱਲ ਕੀ ਕੀਤੀ ਹੈ, ਮੈਨੂੰ ਤਾਂ ਭੁੱਖ ਲੱਗ ਗਈ।

**ਵਸੁਧਾ:** ਭੋਜਨ ਤਿਆਰ ਹੈ। ਚਲੋ ਖਾਣਾ ਖਾਂਦੇ ਹਾਂ।

**ਸੋਮੇਸ਼:** ਅਤੇ ਮੇਰੀ ਬਣਾਈ ਹੋਈ ਖੀਰ ਵੀ।

**ਵਸੀਮ:** ਤਾਂ ਖੀਰ ਸਭ ਤੋਂ ਬਾਅਦ ਵਿਚ ਲਿਆਉਣਾ ਭਾਬੀ ਜੀ।

(ਸਾਰੇ ਹੱਸਦੇ ਹਨ)

**ਪ੍ਰਸ਼ਨ**-1 ਕਿਸ ਰਾਜ ਵਿੱਚ ਠੰਢੇ ਪੇ ਪਦਾਰਥ ਬਣਾਉਣ ਵਾਲੀ ਕੰਪਨੀ ਵੱਲੋਂ ਜਲ ਦੇ ਦੋਹਨ ਕਾਰਨ ਤੇ ਧਰਤੀ ਹੇਠਲਾ ਪਾਣੀ ਪ੍ਰਦੂਸ਼ਿਤ ਹੋਣ ਕਾਰਨ ਅਦਾਲਤ ਨੇ ਕੰਪਨੀ ਵਿਰੁਧ ਕੀ ਫੈਸਲਾ ਦਿੱਤਾ ?

ਉਤਰ: ਕੇਰਲ ਵਿੱਚ ਲੋਕਾਂ ਦੇ ਰੋਹ ਕਾਰਨ ਉਪਜੀ ਲਹਿਰ ਤੋਂ ਅਦਾਲਤ ਨੇ ਹੁਕਮ ਕੀਤਾ ਕਿ ਪਾਣੀ ਲੋਕਾਂ ਦੀ ਮਲਕੀਅਤ ਹੈ । ਇਸਦਾ ਦੋਹਣ ਨਹੀਂ ਕੀਤਾ ਜਾ ਸਕਦਾ !

**ਪ੍ਰਸ਼ਨ** -2 ਪਾਣੀ ਦੀ ਘਾਟ ਦਾ ਹੱਲ ਕੀ ਹੈ ?

ਉੱਤਰ: ਮੀਂਹ ਦੇ ਪਾਣੀ ਨੂੰ ਸਹੇਜਣਾ , ਪਾਣੀ ਦਾ ਸੁਰੱਖਿਅਣ ਤੇ ਵਿਸ਼ਾਲ ਚੇਤਨਾ ਲਹਿਰ !